ਇਹ ਕਿਹਾ ਕਰੋ: "لا إله إلا الله وحده لا شريك له، الله أكبر كبيرًا، والحمد لله كثيرًا، وسبحان الله رب العالمين، ولا حول ولا قوة إلا بالله العزيز الحكيم - ਲਾ ਇਲਾਹਾ ਇੱਲੱਲਾਹੁ ਵਾਹਦਾਹੁ ਲਾ ਸ਼ਰੀਕਾ ਲਹੁ, ਅੱਲਾਹੁ ਅਕਬਰ ਕਬੀਰਾ, ਵਲਹਮਦੁ ਲਿੱਲਾਹੀ ਕਸੀਰਾ, ਵਾ ਸੁਬਹਾਨ ਅੱਲਾਹੀ ਰੱਬਿੱਲ ਆਲਮੀਨ, ਲਾ ਹੌਲਾ ਵਲਾ ਕੁਵੱਤਾ ਇੱਲਾ ਬਿੱਲਾ-ਹਿੱਲ-ਅਜ਼ੀਜ਼ਿਲ-ਹਕੀਮ।

ਸਾਅਦ (ਰਜ਼ੀਅੱਲਾਹੁ ਅਨਹੁ) ਤੋਂ ਰਿਵਾਇਤ ਹੈ, ਉਹ ਕਹਿੰਦੇ ਹਨ: ਇੱਕ ਬੱਦੂ (ਦਿਹਾਤੀ) ਅੱਲਾਹ ਦੇ ਰਸੂਲ ﷺ ਕੋਲ ਆਇਆ ਅਤੇ ਕਹਿਣ ਲੱਗਾ ਕਿ ਮੈਨੂੰ ਕੋਈ ਅਜਿਹਾ ਬੋਲ ਸਿਖਾਓ, ਜਿਸ ਨੂੰ ਮੈਂ ਪੜ੍ਹਦਾ ਰਹਾਂ। ਆਪ ﷺ ਨੇ ਫਰਮਾਇਆ: "ਇਹ ਕਿਹਾ ਕਰੋ: "لا إله إلا الله وحده لا شريك له، الله أكبر كبيرًا، والحمد لله كثيرًا، وسبحان الله رب العالمين، ولا حول ولا قوة إلا بالله العزيز الحكيم - ਲਾ ਇਲਾਹਾ ਇੱਲੱਲਾਹੁ ਵਾਹਦਾਹੁ ਲਾ ਸ਼ਰੀਕਾ ਲਹੁ, ਅੱਲਾਹੁ ਅਕਬਰ ਕਬੀਰਾ, ਵਲਹਮਦੁ ਲਿੱਲਾਹੀ ਕਸੀਰਾ, ਵਾ ਸੁਬਹਾਨ ਅੱਲਾਹੀ ਰੱਬਿੱਲ ਆਲਮੀਨ, ਲਾ ਹੌਲਾ ਵਲਾ ਕੁਵੱਤਾ ਇੱਲਾ ਬਿੱਲਾ-ਹਿੱਲ-ਅਜ਼ੀਜ਼ਿਲ-ਹਕੀਮ।" (ਅਰਥਾਤ: ਅੱਲਾਹ ਤੋਂ ਇਲਾਵਾ ਕੋਈ ਸੱਚਾ ਮਾਬੂਦ (ਇਸ਼ਟ/ਪੂਜਣਯੋਗ) ਨਹੀਂ; ਉਹ ਇਕੱਲਾ ਹੈ ਅਤੇ ਉਸਦਾ ਕੋਈ ਸਾਂਝੀਦਾਰ (ਸ਼ਰੀਕ) ਨਹੀਂ। ਅੱਲਾਹ ਸਭ ਤੋਂ ਵੱਡਾ ਹੈ ਅਤੇ ਉਸੇ ਲਈ ਸਾਰੀ ਵਡਿਆਈ ਹੈ। ਅੱਲਾਹ ਹਰ ਤਰ੍ਹਾਂ ਦੇ ਦੋਸ਼ ਅਤੇ ਕਮੀ ਤੋਂ ਪਾਕ ਹੈ—ਉਹ ਜੋ ਸਾਰੇ ਜਹਾਨਾਂ ਦਾ ਰੱਬ ਹੈ। ਗੁਨਾਹਾਂ ਤੋਂ ਬਚਣ ਅਤੇ ਨੇਕ ਕੰਮ ਕਰਨ ਦੀ ਤਾਕਤ ਸਿਰਫ਼ ਅੱਲਾਹ ਵੱਲੋਂ ਹੀ ਮਿਲ ਸਕਦੀ ਹੈ, ਜੋ ਸਰਬ-ਸ਼ਕਤੀਮਾਨ ਅਤੇ ਸਰਬ-ਗਿਆਨੀ ਹੈ।) ਉਸ ਵਿਅਕਤੀ ਨੇ ਕਿਹਾ: ਇਹ ਸ਼ਬਦ ਤਾਂ ਮੇਰੇ ਰੱਬ ਲਈ ਹਨ, ਮੇਰੇ ਲਈ ਕੀ ਹਨ? ਆਪ ﷺ ਨੇ ਫਰਮਾਇਆ: "ਇਹ ਕਹੋ: ”اللّٰهُمَّ اغْفِرْ لِي وَارْحَمْنِي وَاهْدِنِي وَارْزُقْنِي - ਅੱਲਾਹੁੱਮੱਗ-ਫਿਰਲੀ ਵਰਹਮਨੀ ਵਾਹਦਿਨੀ ਵਰਜ਼ੁਕਨੀ (ਅਰਥਾਤ: ਹੇ ਅੱਲਾਹ! ਮੈਨੂੰ ਮਾਫ਼ ਕਰ ਦੇ, ਮੇਰੇ 'ਤੇ ਰਹਿਮ ਕਰ, ਮੇਰੀ ਅਗਵਾਈ ਕਰ ਅਤੇ ਮੈਨੂੰ ਰਿਜ਼ਕ ਅਤਾ ਕਰ)।"

[صحيح] [رواه مسلم]

ਪਿੰਡ-ਦਿਹਾਤ ਤੋਂ ਆਏ ਇੱਕ ਵਿਅਕਤੀ ਨੇ ਅੱਲਾਹ ਦੇ ਰਸੂਲ ﷺ ਨੂੰ ਸਵਾਲ ਕੀਤਾ ਕਿ ਆਪ ﷺ ਉਸਨੂੰ ਇੱਕ ਅਜਿਹਾ ਜ਼ਿਕਰ (ਸਿਮਰਨ) ਸਿਖਾਉਣ, ਜਿਸ ਨੂੰ ਉਹ ਪੜ੍ਹਿਆ ਕਰੇ। ਤਾਂ ਅੱਲਾਹ ਦੇ ਨਬੀ ﷺ ਨੇ ਉਸਨੂੰ ਕਿਹਾ: ਤੁਸੀਂ ਕਹੋ: "لا إله إلا الله وحده لا شريك له - ਲਾ ਇਲਾਹਾ ਇੱਲੱਲਾਹੁ ਵਾਹਦਾਹੁ ਲਾ ਸ਼ਰੀਕਾ ਲਹੁ।" ਆਪ ﷺ ਨੇ ਸ਼ੁਰੂਆਤ ਤੌਹੀਦ ਦੀ ਗਵਾਹੀ ਨਾਲ ਕੀਤੀ। ਇਸਦਾ ਮਤਲਬ ਇਹ ਹੈ ਕਿ ਅੱਲਾਹ ਤੋਂ ਇਲਾਵਾ ਕੋਈ ਸੱਚਾ ਮਾਬੂਦ (ਇਸ਼ਟ) ਨਹੀਂ ਹੈ। "اللـــه أكـــبر كـــبيرًا - ਅੱਲਾਹੁ ਅਕਬਰ ਕਬੀਰਾ" ਭਾਵ: ਅੱਲਾਹ ਹਰ ਚੀਜ਼ ਤੋਂ ਵੱਡਾ ਅਤੇ ਸਭ ਤੋਂ ਮਹਾਨ ਹੈ। "والحمد لله كثيرًا - ਵਲਹਮਦੁ ਲਿੱਲਾਹੀ ਕਸੀਰਾ।" ਭਾਵ: ਅੱਲਾਹ ਦੀਆਂ ਬਹੁਤ ਜ਼ਿਆਦਾ ਤਾਰੀਫਾਂ ਹਨ। ਉਸ ਦੀਆਂ ਸਿਫਤਾਂ, ਕੰਮਾਂ ਅਤੇ ਅਣਗਿਣਤ ਨੇਮਤਾਂ (ਮਿਹਰਾਂ) ਲਈ। "ســبحان اللـــه رب العــالمين - ਸੁਬਹਾਨ ਅੱਲਾਹੀ ਰੱਬਿੱਲ ਆਲਮੀਨ।" ਭਾਵ: ਅੱਲਾਹ ਤਆਲਾ ਹਰ ਪ੍ਰਕਾਰ ਦੀ ਕਮੀ ਤੋਂ ਪਾਕ (ਪਵਿੱਤਰ) ਹੈ। "لا حول ولا قوة إلا بالله العزيـــز الحكيـــم - ਲਾ ਹੌਲਾ ਵਲਾ ਕੁਵੱਤਾ ਇੱਲਾ ਬਿੱਲਾਹਿੱਲ ਅਜ਼ੀਜ਼ਿਲ-ਹਕੀਮ।" ਭਾਵ: ਇੱਕ ਹਾਲਤ ਤੋਂ ਦੂਜੀ ਹਾਲਤ ਵਿੱਚ ਜਾਣਾ ਅੱਲਾਹ ਦੀ ਮਦਦ ਅਤੇ ਉਸਦੇ ਸੁਯੋਗ ਤੋਂ ਬਿਨਾ ਸੰਭਵ ਨਹੀਂ ਹੈ। ਉਸ ਵਿਅਕਤੀ ਨੇ ਕਿਹਾ: ਇਹ ਸਾਰੇ ਸ਼ਬਦ ਮੇਰੇ ਰੱਬ ਲਈ ਹਨ। ਭਾਵ ਉਸ ਦੇ ਜ਼ਿਕਰ (ਸਿਮਰਨ) ਅਤੇ ਸਨਮਾਨ ਲਈ ਹਨ। ਮੈਂ ਆਪਣੇ ਆਪ ਲਈ ਕਿਹੜੇ ਸ਼ਬਦਾਂ ਵਿੱਚ ਦੁਆ ਕਰਾਂ? ਇਸ 'ਤੇ ਆਪ ﷺ ਨੇ ਉਨ੍ਹਾਂ ਨੂੰ ਕਿਹਾ: ਤੁਸੀਂ ਕਹੋ: "اللهم اغفر لي - ਅੱਲਾਹੁੱਮੱਗ-ਫਿਰਲੀ।" ਹੇ ਅੱਲਾਹ! ਮੇਰੇ ਗੁਨਾਹਾਂ ਨੂੰ ਮਿਟਾ ਕੇ ਤੇ ਉਨ੍ਹਾਂ 'ਤੇ ਪਰਦਾ ਪਾ ਕੇ ਮੈਨੂੰ ਮਾਫ ਕਰ ਦੇ। "وارحمني - ਵਰਹਮਨੀ।" ਮੇਰੇ ਦੀਨੀ (ਧਾਰਮਿਕ) ਅਤੇ ਦੁਨਿਆਵੀ ਹਿੱਤਾਂ ਦੀ ਰਾਖੀ ਕਰਦੇ ਹੋਏ, ਮੇਰੇ 'ਤੇ ਰਹਿਮ (ਦਇਆ) ਕਰ। "واهـــدني - ਵਾਹਦਿਨੀ" ਸਭ ਤੋਂ ਵਧੀਆ ਹਲਾਤਾਂ ਅਤੇ ਸਿੱਧੇ ਰਾਹ (ਸਿਰਾਤਲ ਮੁਸਤਕੀਮ) ਵੱਲ ਮੇਰਾ ਮਾਰਗਦਰਸ਼ਨ ਕਰ। "وارزقنـــي - ਵਰਜ਼ੁਕਨੀ।" ਮੈਨੂੰ ਹਲਾਲ ਮਾਲ (ਧਨ-ਦੌਲਤ), ਸਿਹਤ ਅਤੇ ਹਰ ਤਰ੍ਹਾਂ ਦੀ ਭਲਾਈ

http://sunnah.global/hadeeth/pa/show/6112